# Telephone Conversation between PM and King of the Kingdom of Bahrain

April 06, 2020

.......................................................................................................

## ਪ੍ਰਧਾਨ ਮੰਤਰੀ ਅਤੇ ਬਹਿਰੀਨ ਰਾਜ ਦੇ ਰਾਜਾ ਵਿਚਾਲੇ ਟੈਲੀਫੋਨ 'ਤੇ ਗੱਲਬਾਤ

06 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਬਹਿਰੀਨ ਰਾਜ ਦੇ ਰਾਜਾ ਮਹਾਮਹਿਮ ਹਮਦ ਬਿਨ ਈਸਾ ਅਲ ਖਲੀਫਾ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਮੌਜੂਦਾ ਕੋਵਿਡ -19 ਸਿਹਤ ਸੰਕਟ ਅਤੇ ਲੌਜਿਸਟਿਕ ਚੇਨ ਅਤੇ ਵਿੱਤੀ ਬਾਜ਼ਾਰ ਸਮੇਤ ਇਸਦੇ ਸਿੱਟਿਆਂ ਬਾਰੇ ਗੱਲਬਾਤ ਕੀਤੀ।

ਮਹਾਮਹਿਮ ਰਾਜਾ ਨੇ ਪ੍ਰਧਾਨ ਮੰਤਰੀ ਨੂੰ ਮੌਜੂਦਾ ਸਿਹਤ ਸੰਕਟ ਦੌਰਾਨ ਬਹਿਰੀਨ ਵਿੱਚ ਰਹਿ ਰਹੇ ਵੱਡੇ ਭਾਰਤੀ ਭਾਈਚਾਰੇ ਦੀ ਖੈਰੀਅਤ 'ਤੇ ਆਪਣਾ ਧਿਆਨ ਦੇਣ ਦਾ ਭਰੋਸਾ ਦਿੱਤਾ। ਪ੍ਰਧਾਨ ਮੰਤਰੀ ਨੇ ਭਾਰਤੀ ਪ੍ਰਵਾਸੀਆਂ ਲਈ ਬਹਿਰੀਨ ਦੇ ਅਧਿਕਾਰੀਆਂ ਵੱਲੋਂ ਹਮੇਸ਼ਾਂ ਹੀ ਵਿਖਾਈ ਗਈ ਦੇਖਭਾਲ ਅਤੇ ਉਨਾਂ ਵੱਲੋਂ ਦਿੱਤੇ ਗਏ ਪਿਆਰ ਲਈ ਦਿਲੋਂ ਧੰਨਵਾਦ ਕੀਤਾ।

ਦੋਨਾਂ ਆਗੂਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਉਨ੍ਹਾਂ ਦੇ ਅਧਿਕਾਰੀ ਨਿਯਮਤ ਸੰਪਰਕ ਬਣਾਈ ਰੱਖਣਗੇ ਅਤੇ ਕੋਵਿਡ -19 ਤੋਂ ਪੈਦਾ ਹੋਇਆਂ ਚੁਣੌਤੀਆਂ ਨਾਲ ਨਜਿੱਠਣ ਲਈ ਇਕ ਦੂਜੇ ਨੂੰ ਹਰ ਮੁਮਕਿਨ ਮਦਦ ਦੇਣਾ ਯਕੀਨੀ ਬਣਾਉਣਗੇ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਰਾਜਾ ਨੂੰ ਦੱਸਿਆ ਕਿ ਭਾਰਤ ਬਹਿਰੀਨ ਨੂੰ ਆਪਣੇ ਵਿਆਪਕ ਗੁਆਂਢ ਦਾ ਮਹੱਤਵਪੂਰਨ ਹਿੱਸਾ ਮੰਨਦਾ ਹੈ। ਉਨ੍ਹਾਂ ਨੇ ਪਿਛਲੇ ਸਾਲ ਕੀਤੀ ਗਈ ਆਪਣੀ ਬਹਿਰੀਨ ਦੀ ਫੇਰੀ ਨੂੰ ਵੀ ਨਿੱਘ ਨਾਲ ਯਾਦ ਕੀਤਾ।

ਨਵੀਂ ਦਿੱਲੀ
06 ਅਪ੍ਰੈਲ, 2020

DISCLAIMER : This is an approximate translation. The original is available in English on MEA's website and may be referred to as the official press release.